# ਆਪਣੇ ਬੱਚੇ ਦੀ ਆ ਰਹੀ ਸਰਜਰੀ ਬਾਰੇ ਜਿਹੜੇ ਸਵਾਲ ਤੁਸੀਂ ਪੁੱਛਣਾ ਚਾਹੁੰਦੇ ਹੋ ਸਕਦੇ ਹੋ

**Questions you may want to ask about your child's upcoming surgery**

BC CHILDREN'S HOSPITAL
An agency of the Provincial Health Services Authority

Surgical Day Care Department
4480 Oak Street, Vancouver, BC V6H 3V4
604-875-2345 • 1-888-300-3088
www.bcchildrens.ca

## ਇਹ ਕੁਝ ਸਵਾਲ ਹਨ ਜਿਹੜੇ ਮਾਪਿਆਂ ਨੇ ਬੱਚੇ ਦੀ ਸਰਜਰੀ ਤੋਂ ਪਹਿਲਾਂ ਡਾਕਟਰ ਤੋਂ ਪੁੱਛਣੇ ਸਭ ਤੋਂ ਜ਼ਰੂਰੀ ਸਮਝੇ ਸਨ। ਸਾਨੂੰ ਆਸ ਹੈ ਕਿ ਇਹ ਤੁਹਾਡੀ ਮਦਦ ਕਰਨਗੇ।

## ਸਰਜਰੀ ਬਾਰੇ ਸਵਾਲ।

1. ਸਰਜਰੀ ਦੀ ਕਿਉਂ ਲੋੜ ਹੈ? ਵੱਧ ਤੋਂ ਵੱਧ ਵੇਰਵੇ ਪੁੱਛੋ ਜਿਸ ਤਰ੍ਹਾਂ ਤੁਹਾਨੂੰ ਲੋੜ ਹੈ।
2. ਇਹ ਕਿਸ ਤਰ੍ਹਾਂ ਕੀਤੀ ਜਾਂਦੀ ਹੈ? ਵੱਧ ਤੋਂ ਵੱਧ ਵੇਰਵੇ ਪੁੱਛੋ ਜਿਸ ਤਰ੍ਹਾਂ ਤੁਹਾਨੂੰ ਲੋੜ ਹੈ।
3. ਕੀ ਇਹ ਸਰਜਰੀ ਆਮ ਹੈ?
4. ਸਰਜਰੀ ਦੇ ਕੀ ਖਤਰੇ ਹਨ ਅਤੇ ਇਨ੍ਹਾਂ ਖਤਰਿਆਂ ਨੂੰ ਘਟਾਉਣ ਲਈ ਤੁਸੀਂ ਕੀ ਕਰਦੇ ਹੋ?
5. ਸਰਜਰੀ ਨੂੰ ਕਿੰਨਾ ਸਮਾਂ ਲੱਗੇਗਾ?
6. ਜੇ ਸਰਜਰੀ ਤੋਂ ਕੋਈ ਸਮੱਸਿਆਵਾਂ ਪੈਦਾ ਹੋਣ ਤਾਂ ਕੀ ਤੁਸੀਂ ਇਨ੍ਹਾਂ ਬਾਰੇ ਸਾਨੂੰ ਦੱਸੋਗੇ?

## ਸਰਜਰੀ ਲਈ ਤਿਆਰ ਹੋਣ ਬਾਰੇ ਸਵਾਲ।

1. ਸਰਜਰੀ ਤੋਂ ਪਹਿਲਾਂ ਕੀ ਮੇਰੇ ਬੱਚੇ ਨੂੰ ਹਸਪਤਾਲ ਵਿਚ ਹੋਣ ਦੀ ਲੋੜ ਪਵੇਗੀ?
2. ਇਸ ਸਮੇਂ ਦੌਰਾਨ ਕੀ ਹੁੰਦਾ ਹੈ?
3. ਸਰਜਰੀ ਵਾਲੇ ਦਿਨ ਜੇ ਮੇਰੇ ਬੱਚੇ ਨੇ ਘਰ ਤੋਂ ਹਸਪਤਾਲ ਜਾਣਾ ਹੈ ਤਾਂ ਤਿਆਰ ਹੋਣ ਲਈ ਅਸੀਂ ਕੀ ਕਰਨਾ ਹੈ?
4. ਸਰਜਰੀ ਵਾਲੇ ਦਿਨ ਸਾਨੂੰ ਹਸਪਤਾਲ ਨੂੰ ਕਿਸੇ ਸਮੇਂ ਆਉਣ ਦੀ ਲੋੜ ਹੈ?

## ਸਰਜਰੀ ਤੋਂ ਬਾਅਦ ਬਾਰੇ ਸਵਾਲ।

1. ਸਰਜਰੀ ਤੋਂ ਬਾਅਦ ਕੀ ਮੇਰੇ ਬੱਚੇ ਨੂੰ ਹਸਪਤਾਲ ਰਾਤ ਰਹਿਣ ਦੀ ਰਹਿਣ ਲੋੜ ਪਵੇਗੀ? ਮੇਰਾ ਬੱਚਾ ਹਸਪਤਾਲ ਵਿਚ ਕਿੱਥੇ ਰਹੇਗਾ?
2. ਸਰਜਰੀ ਦੌਰਾਨ ਸੁਲਾਉਣ ਲਈ ਦਿੱਤੀ ਗਈ ਦਵਾਈ ਦੇ ਕੀ ਕੋਈ ਸਾਈਡ ਇਫੈਕਟ ਹਨ?
3. ਕੀ ਕੋਈ ਅਜਿਹੀ ਚੀਜ਼ ਹੈ ਜਿਹੜੀ ਮੇਰਾ ਬੱਚਾ ਸਰਜਰੀ ਤੋਂ ਬਾਅਦ ਪੀ, ਖਾ ਜਾਂ ਕਰ ਨਹੀਂ ਸਕਦਾ ਅਤੇ ਜੇ ਅਜਿਹਾ ਹੈ ਤਾਂ ਕਿੰਨੇ ਸਮੇਂ ਲਈ?
4. ਸਰਜਰੀ ਤੋਂ ਬਾਅਦ ਬੱਚਿਆਂ ਦੇ ਆਮ ਰੀਐਕਸ਼ਨ ਕੀ ਹੁੰਦੇ ਹਨ?
5. ਸਰਜਰੀ ਤੋਂ ਬਾਅਦ ਸਾਨੂੰ ਕਿਸ ਚੀਜ਼ ’ਤੇ ਨਿਗ੍ਹਾ ਰੱਖਣ ਦੀ ਲੋੜ ਹੈ ਜਿਵੇਂ ਕਿ ਇਨਫੈਕਸ਼ਨ ਦੀਆਂ ਨਿਸ਼ਾਨੀਆਂ?
6. ਜੇ ਕੋਈ ਚਿੰਤਾ ਜਾਂ ਫਿਕਰ ਹੋਵੇ ਤਾਂ ਸਾਨੂੰ ਕਿਸ ਪੱਧਰ ’ਤੇ ਫੋਨ ਕਰਨਾ ਚਾਹੀਦਾ ਹੈ?
7. ਆਪਣੇ ਬੱਚੇ ਦੀ ਰਿਕਵਰੀ ਬਾਰੇ ਜੇ ਸਾਡੇ ਮਨ ਵਿਚ ਸਵਾਲ ਹੋਣ ਤਾਂ ਅਸੀਂ ਕਿਸ ਨੂੰ ਫੋਨ ਕਰਨਾ ਹੈ?
8. ਘਰ ਜਾਣ ’ਤੇ ਕੀ ਮੇਰੇ ਬੱਚੇ ਨੂੰ ਖਾਸ ਸੰਭਾਲ ਦੀ ਲੋੜ ਹੈ?
9. ਸਰਜਰੀ ਤੋਂ ਬਾਅਦ ਕੀ ਮੇਰੇ ਬੱਚੇ ਦੇ ਬਹੁਤ ਦਰਦ ਹੋਵੇਗੀ? ਜੇ ਅਜਿਹਾ ਹੈ ਤਾਂ ਕਿੰਨੇ ਸਮੇਂ ਲਈ? ਅਸੀਂ ਇਸ ਬਾਰੇ ਕੀ ਕਰ ਸਕਦੇ ਹਾਂ?
10. ਸਰਜਰੀ ਤੋਂ ਬਾਅਦ ਮੇਰਾ ਬੱਚਾ ਕਿਸ ਨੂੰ ਦੇਖੇਗਾ ਅਤੇ ਕਦੋਂ ਦੇਖੇਗਾ?
11. ਇਸ ਕਿਸਮ ਦੀ ਸਰਜਰੀ ਤੋਂ ਬਾਅਦ ਠੀਕ ਹੋਣ ਨੂੰ ਬੱਚੇ ਨੂੰ ਆਮ ਤੌਰ ’ਤੇ ਕਿੰਨਾ ਸਮਾਂ ਲੱਗਦਾ ਹੈ?

BCCH1607 ©2011 BC Children's Hospital
[Punjabi]